9888747153

# ਦਫਤਰ ਜਿਲ੍ਹਾ ਮੈਜਿਸਟਰੇਟ, ਪਠਾਨਕੋਟ

ਹੁਕਮ :

ਕੋਵਿਡ-19 (ਕੋਰੋਨਾ ਵਾਇਰਸ) ਵੱਲੋਂ ਪੂਰੇ ਦੇਸ਼ ਵਿੱਚ ਮਹਾਂਮਾਰੀ ਦਾ ਰੂਪ ਧਾਰਨ ਕਰਕੇ ਭਾਰਤ ਸਰਕਾਰ ਵੱਲੋਂ ਵੀ ਇਸ ਨੂੰ ਮਹਾਂਮਾਰੀ ਘੋਸ਼ਿਤ ਕੀਤਾ ਜਾ ਚੁੱਕਾ ਹੈ । ਪੰਜਾਬ ਸਰਕਾਰ ਵਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਅਨੁਸਾਰ ਇਸ ਦਫਤਰ ਵਲੋਂ ਆਈ.ਪੀ.ਸੀ. ਦੀ ਧਾਰਾ 144 Read with The Epidemics Act, 1897 ਦੇ ਅੰਤਰਗਤ ਕੋਵਿਡ-19 (ਕਰੋਨਾ ਵਾਇਰਸ) ਦੀ ਰੋਕਥਾਮ ਹਿੱਤ ਪਿੱਠ ਅੰਕਣ ਨੰਬਰ 1710-57 ਮਿਤੀ 23.03.2020 ਰਾਹੀਂ ਜਿਲ੍ਹਾ ਪਠਾਨਕੋਟ ਵਿੱਚ ਅਗਲੇ ਹੁਕਮਾਂ ਤੱਕ ਕਰਫਿਊ ਲਾਗੂ ਕੀਤਾ ਗਿਆ ਸੀ।

ਹੁਣ ਕਣਕ ਦੀ ਵਾਢੀ ਦਾ ਸੀਜਨ ਸ਼ੁਰੂ ਹੋ ਚੁੱਕਾ ਹੈ । ਕਿਸਾਨਾਂ ਵਲੋਂ ਫਸਲ ਦੀ ਵਾਢੀ ਅਤੇ ਇਸ ਨੂੰ ਮੰਡੀਆਂ ਵਿੱਚ ਵੇਚਣ ਲਈ ਆਉਣਾ-ਜਾਣਾ ਹੈ। ਇਸ ਲਈ ਲੋਕ ਹਿੱਤ ਨੂੰ ਦੇਖਦੇ ਹੋਏ ਕਿਸਾਨਾਂ, ਆੜਤੀਆਂ ਅਤੇ ਉਹਨਾਂ ਨਾਲ ਸਬੰਧਤ ਕਾਮਿਆਂ ਨੂੰ ਕਰਫਿਊ ਵਿੱਚ ਢਿੱਲ ਦੇਣੀ ਲਾਜਮੀ ਬਣਦੀ ਹੈ। ਇਸ ਲਈ ਉਕਤ ਕੈਟਾਗਿਰੀਆਂ ਨੂੰ ਕਰਫਿਊ ਵਿੱਚ ਢਿੱਲ ਦਿੰਦੇ ਹੋਏ ਇਹਨਾਂ ਨੂੰ ਕਰਫਿਊ ਪਾਸ ਜਾਰੀ ਕਰਨ ਲਈ ਸੈਕਟਰੀ ਮਾਰਕੀਟ ਕਮੇਟੀ ਪਠਾਨਕੋਟ ਅਤੇ ਸੈਕਟਰੀ ਮਾਰਕੀਟ ਕਮੇਟੀ ਨਰੋਟ ਜੈਮਲ ਸਿੰਘ ਨੂੰ ਆਪਣੇ-ਆਪਣੇ ਅਧਿਕਾਰ ਖੇਤਰ ਵਿੱਚ ਅਧਿਕਾਰਤ ਕੀਤਾ ਜਾਂਦਾ ਹੈ।

ਸਬੰਧਤ ਸੈਕਟਰੀ ਵਲੋਂ ਜਿਸ ਨੂੰ ਵੀ ਕਰਫਿਊ ਪਾਸ ਜਾਰੀ ਕੀਤਾ ਜਾਵੇਗਾ ਉਸ ਸਬੰਧੀ ਰੋਜਾਨਾ ਰਿਪੋਰਟ ਹੇਠ ਦਰਜ ਪ੍ਰੋਫਾਰਮੇ ਵਿੱਚ ਇਸ ਦਫਤਰ ਨੂੰ ਈ-ਮੇਲ dc.pathankot@gmail.com ਰਾਹੀਂ ਭੇਜੀ ਜਾਵੇਗੀ।

| ਲੜੀ ਨੰ. | ਨਾਮ /ਪਿਤਾ ਦਾ ਨਾਮ / ਮੋਬਾਇਲ ਨੰਬਰ | ਵਾਸੀ | ਕਿਸ ਮੰਤਵ ਲਈ ਪਾਸ ਜਾਰੀ ਕੀਤਾ ਗਿਆ ਹੈ। | ਜਿਸ ਮੰਡੀ ਨਾਲ ਸਬੰਧਤ ਹੋਵੇਗਾ। |
|---|---|---|---|---|
| | | | | |

ਇਸ ਤੋਂ ਇਲਾਵਾ ਫਸਲ ਦੀ ਕਟਾਈ ਲਈ ਵਰਤੋਂ ਵਿੱਚ ਆਉਣ ਵਾਲੇ ਯੰਤਰ ਜਿਵੇਂ ਟਰੈਕਟਰ, ਟਰਾਲੀ, ਕੰਬਾਇਨ, ਥਰੈਸ਼ਰ ਆਦਿ ਦੀ ਮੁਰੰਮਤ ਵੀ ਤੁਰੰਤ ਕਰਵਾਉਣੀ ਪੈਂਦੀ ਹੈ। ਇਸ ਕੈਟਾਗਿਰੀ ਨੂੰ ਪਾਸ ਜਾਰੀ ਕਰਨ ਲਈ ਮੁੱਖ ਖੇਤੀਬਾੜੀ ਅਫਸਰ ਪਠਾਨਕੋਟ ਨੂੰ ਅਧਿਕਾਰਤ ਕੀਤਾ ਜਾਂਦਾ ਹੈ। ਇਹ ਅਧਿਕਾਰੀ ਵੀ ਉਪਰੋਕਤ ਪ੍ਰੋਫਾਰਮੇ ਸਬੰਧੀ ਰੋਜਾਨਾ ਰਿਪੋਰਟ ਇਸ ਦਫਤਰ ਨੂੰ ਭੇਜਣੀ ਯਕੀਨੀ ਬਨਾਉਣਗੇ।

ਇਹ ਹੁਕਮ ਤੁਰੰਤ ਲਾਗੂ ਹੋਣਗੇ ।

ਪਠਾਨਕੋਟ
ਮਿਤੀ : 13.04.2020

ਜਿਲ੍ਹਾ ਮੈਜਿਸਟਰੇਟ,
ਪਠਾਨਕੋਟ ।

ਪਿੱਠ ਅੰਕਣ ਨੰਬਰ: DRA(T)/766-77 ........ ਮਿਤੀ : 13/04/2020

ਉਪਰੋਕਤ ਦਾ ਉਤਾਰਾ ਨਿਮਨਲਿਖਤ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-

1. ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ ।
2. ਪ੍ਰਮੁੱਖ ਸਕੱਤਰ, ਗਹਿ ਵਿਭਾਗ, ਪੰਜਾਬ, ਚੰਡੀਗੜ੍ਹ ।
3. ਕਮਿਸ਼ਨਰ, ਨਗਰ ਨਿਗਮ, ਪਠਾਨਕੋਟ ।
4. ਸੀਨੀਅਰ ਪੁਲਿਸ ਕਪਤਾਨ, ਪਠਾਨਕੋਟ
5. ਵਧੀਕ ਡਿਪਟੀ ਕਮਿਸ਼ਨਰ (ਜਨਰਲ) / (ਵਿ), ਪਠਾਨਕੋਟ
6. ਉਪ ਮੰਡਲ ਮੈਜਿਸਟ੍ਰੇਟ, ਪਠਾਨਕੋਟ / ਧਾਰਕਲਾਂ।
7. ਤਹਿਸੀਲਦਾਰ, ਪਠਾਨਕੋਟ / ਧਾਰਕਲਾਂ।
8. ਮੁੱਖ ਖੇਤੀਬਾੜੀ ਅਫਸਰ, ਪਠਾਨਕੋਟ ।
9. ਜਿਲ੍ਹਾ ਮੰਡੀ ਅਫਸਰ, ਪਠਾਨਕੋਟ ।
10. ਸਕੱਤਰ ਮਾਰਕੀਟ ਕਮੇਟੀ ਪਠਾਨਕੋਟ / ਨਰੋਟ ਜੈਮਲ ਸਿੰਘ ।
ਉਪਰੋਕਤ ਆਦੇਸ਼ਾਂ ਦੀ ਪਾਲਣਾ ਲਈ ।

DISTRICT MAGISTRATE PATHANKOT

ਜਿਲ੍ਹਾ ਮੈਜਿਸਟਰੇਟ,
ਪਠਾਨਕੋਟ ।